# ਕਾਵਿ ਦੇ ਤੱਤ

ਦੁਨੀਆ ਦੀ ਹਰ ਸ਼ੈ ਕੁਝ ਅੰਸ਼ਾ ਦਾ ਮਜਮੂਆ (ਸੰਗ੍ਰਹਿ) ਹੁੰਦੀ ਹੈ। ਇਹ ਅੰਸ਼ ਹੀ ਉਹ ਸ਼ੈ ਦੇ ਵਿਧਾਇਕ ਤੱਤ ਹੁੰਦੇ ਹਨ। ਉਸ ਦੀ ਘਾੜਤ,ਵਿਧਾਨ ਜਾਂ ਰਚਨਾ ਵਿਚ ਇੰਨ੍ਹਾਂ ਤੱਤਾਂ ਦਾ ਬੜਾ ਭਾਰੀ ਹੱਥ ਹੁੰਦਾ ਹੈ। ਇਸ ਲਈ ਕਿਸੇ ਸ਼ੈ ਦੀ ਮੁਕੰਮਲ ਵਾਕਫੀਅਤ ਲਈ ਉਸ ਦੇ ਰਚਨਾਤਮਕ ਤੱਤਾ ਦਾ ਗਿਆਨ ਹੋਣਾ ਬਹੁਤ ਲਾਜ਼ਮੀ ਹੈ।

# ਮੁੱਖ ਕਾਵਿ-ਤੱਤ

ਪੁਰਾਣੀਆ ਰਵਾਇਤਾਂ ਦੀ ਟੇਕ ਲੈ ਕੇ WilliamHudson ਨੇ ਕਾਵਿ-ਤੱਤਾਂ ਨੂੰ ਚਾਰ ਮੁੱਖ ਹਿਸਿਆਂ ਵਿੱਚ ਵੰਡਿਆ ਹੈ।

1. ਬੁੱਧੀ ਤੱਤ
2. ਭਾਵ ਤੱਤ
3. ਕਲਪਨਾ ਤੱਤ
4. ਸ਼ੈਲੀ ਤੱਤ

# ਮੁੱਖ ਕਾਵਿ-ਤੱਤ

ਗੁਰੇ ਨੇ ਆਪਣੀ ਆਲੋਚਨਾ ਪੁਸਤਕ 'The Appreciation of Poetry' ਵਿਚ ਇਸ ਸਵਾਲ ਨੂੰ ਨਵੇਂ ਸਿਰਿਉਂ ਛੁਹਕੇ ਕਾਵਿ ਦੇ ਤੱਤ ਮਿਥੇ ਹਨ।

1. ਵਿਚਾਰ ਤੱਤ
2. ਗੌਣ ਰਮਜ਼ਾਂ
3. ਬਿੰਬਾਵਲੀ
4. ਵਲਵਲਾ
5. ਰਾਗ ਤੱਤ
6. ਤਾਲ-ਲੈ
7. ਛੰਦ-ਰੂਪ

# ਮੁੱਖ ਕਾਵਿ-ਤੱਤ

**The Critical sense ਦੇ ਲੇਖਕ James Reeves ਨੇ ਕਾਵਿ ਤੱਤਾਂ ਨੂੰ ਇਸ ਤਰਾਂ ਉਲੀਕਿਆ ਹੈ।**

1. ਕਵਿ ਜਗਤ
2. ਅਲੰਕਾਰ (ਰੂਪਕ)
3. ਉਪਭਾਵੁਕਤਾ ਤੇ ਸਹੀ ਸੰਵੇਦਨਾ
4. ਆਦਰਸ਼
5. ਸਪਸ਼ਟਤਾ
6. ਸੰਗੀਤਕਤਾ
7. ਸ਼ਬਦਾਵਲੀ
8. ਸ਼ੈਲੀ
9. ਬਿੰਬਾਵਲੀ
10. ਮਨੋਭਾਵ

# ਮੁੱਖ ਕਾਵਿ-ਤੱਤ

ਭਾਰਤੀ ਆਲੋਚਕਾ ਨੇ ਆਪਣੇ ਵੱਖੋ ਵੱਖਰੇ ਖਿਆਲ ਅੰਕਿਤ ਕੀਤੇ ਹਨ। ਇਸ ਤਰਾਂ ਕਾਵਿ ਦੇ ਛੇ ਜਰੂਰੀ ਤੱਤ ਮੰਨੇ ਜਾ ਸਕਦੇ ਹਨ।

1. ਕਾਵਿ ਰਸ
2. ਧੁਨੀ(ਸ਼ਬਦ-ਸ਼ਕਤੀ)
3. ਅਲੰਕਾਰ
4. ਵਕ੍ਰੋਕਤੀ
5. ਰੀਤੀ
6. ਅਚਿਤਯ

# ਮੁੱਖ ਕਾਵਿ-ਤੱਤ

ਪੂਰਬੀ ਤੇ ਪੱਛਮੀ ਆਲੋਚਕਾਂ ਦੀਆਂ ਸਾਝੀਆਂ ਰਾਵਾਂ ਨੂੰ ਮੱਦੇ ਨਜ਼ਰ ਰਖਦਿਆਂ,ਅਸੀਂ ਕਾਵਿ-ਤੱਤਾਂ ਦਾ ਵੇਰਵਾ ਇਉਂ ਉਲੀਕ ਸਕਦੇ ਹਾਂ ਅਤੇ ਇਹ ਕਾਵਿ ਤੱਤ ਮਿਥ ਸਕਦੇ ਹਾਂ।

1. ਵਿਚਾਰ(ਬੁਧੀ ਤੱਤ,ਚਿੰਤਨ,ਖਿਆਲ,ਤਰਕ,ਤੱਫਕਰ)
2. ਭਾਵ (ਭਾਵਨਾ,ਵਲਵਲਾ,ਜਜ਼ਬਾ,ਮਨੋਭਾਵ)
3. ਕਲਪਨਾ (ਕਾਵਿ-ਉਡਾਰੀ,ਕਾਵਿ ਅਨੁਭਵ)
4. ਅਲੰਕਾਰ
5. ਪ੍ਤੀਕ
6. ਬਿੰਬ (ਬਿੰਬਾਵਲੀ,ਬਿੰਬ-ਵਿਧਾਨ)
7. ਕਾਵਿ ਸ਼ੈਲੀ (ਅਭਿਵਿਅਕਤੀ,ਤਰਜੇ ਬਿਆਨ)
8. ਛੰਦ
9. ਸੰਗੀਤ
10. ਕਾਵਿ ਪ੍ਰਕਾਰ

# ਕਾਵਿ ਤੱਤਾਂ ਦਾ ਤਰਤੀਬਵਾਰ ਵਰਣਨ

## ਵਿਚਾਰ:-

ਇਹ ਇਕ ਹਕਿਕਤ ਹੈ ਕਿ ਕਿਸੇ ਕਿਸਮ ਦੀ ਲਿਖਾਈ ਜਾਂ ਰਚਨਾ ਵਾਸਤੇ ਵਿਚਾਰ ਦੀ ਲੋੜ ਪੈਦੀ ਹੈ। ਸੋਚ ਵਿਚਾਰ ਤੋਂ ਬਿਨਾ ਇਕ ਮਾਮੂਲੀ ਫਿਕਰਾ ਲਿਖਣਾ ਵੀ ਅਸੰਭਵ ਹੈ। ਇਹ ਉਹ ਵਿਚਾਰ ਜਾ ਚਿੰਤਨ ਜਿਹੜਾ ਕਲਾਕਾਰ ਲੇਖਕ ਦੀ ਸ਼ਖਸੀਅਤ ਦਾ ਇਕ ਹਿੱਸਾ ਹੁੰਦੀ ਹੈ। ਇਥੇ ਵਿਚਾਰ ਹੀ ਲਕਸ਼ ਹੂੰਦਾ ਹੈ ਅਤੇ ਵਿਚਾਰ ਹੀ ਮਨੋਰਥ ਹੁੰਦਾ ਹੈ।

ਏਥੇ ਅਰਸਤੂ ਦਾ ਇਹ ਖਿਆਲ ਬੜੀ ਸੁਹਣੀ ਤਰ੍ਹਾਂ ਲਾਗੂ ਹੁੰਦਾ ਹੈ ਕਿ

ਅੱਛਾ ਹੈ ਦਿਲ ਕੇ ਸਾਥ ਰਹੇ ਪਾਸਬਾਨੇ-ਅਕਲ
ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ ਦੇ

ਡਾਂ. ਇਕਬਾਲ ।

# ਵਲਵਲਾ

<u>ਹਡਸਨ</u> ਨੇ ਕਾਵਿ-ਤੱਤਾ ਦਾ ਉਲੇਖ ਕਰਦਿਆਂ ਵਲਵਲੇ ਬਾਰੇ ਲਿਖਿਆ ਹੈ-

"ਸਾਹਿਤ ਕਲਾ ਵਿਚ ਵਲਵਲਾ ਜਾਂ ਭਾਵ ਤੱਤ ਹੁੰਦਾ ਹੈ। ਕਵੀ ਦੀ ਵਿਸ਼ੈ ਵਸਤੂ ਉਸਦੇ ਦਿਲ ਵਿਚ ਅਨੇਕ ਭਾਵ ਜਾਂ ਇਹਸਾਸ ਜਗਾਉਂਦੀ ਹੈ ਅਤੇ ਆਪਣੀ ਵਾਰੀ ਸਿਰ ਕਵੀ ਉਨ੍ਹਾਂ ਇਹਸਾਸਾਂ ਨਬੰ ਸਾਡੇ ਦਿਲਾਂ ਵਿਚ ਵੀ ਜਗਾਉਣਾ ਚਾਹੁੰਦਾ ਹੈ।"

<u>ਅੰਮ੍ਰਿਤਾ ਪ੍ਰੀਤਮ ਦਾ ਇਕ ਗੀਤ ਹੈ ਜਿਹੜਾ ਮਨੋਭਾਵਾਂ ਦਾ ਨਿਰੂਪਣ ਕਰਦਾ ਹੈ।</u>

ਤੁਸੀਂ ਜੁਗ ਜੁਗ ਜੀਵੋ ਤਾਰਿਉ
ਪਰ ਅਸੀ ਹਨੇਰੇ ਘੇਰ,
ਤੁਸੀ ਜਮ ਜਮ ਵੱਸੋ ਬਦਲੋ
ਪਰ ਸਾਨੂੰ ਪਿਆਸਾਂ ਹੋਰ।

ਤੁਸੀ ਹੱਸੋ ਫੁੱਲ ਗੁਲਾਬ ਦੇ
ਸਾਡੇ ਬੋਲ ਵਿਲਕਦੇ ਜਾਣ,
ਤੁਸੀ ਪੌਣਾਂ ਵਗੋ ਸੰਦਲੀ
ਸਾਡੇ ਸਾਹ ਸੁਲਗਦੇ ਜਾਣ।

# ਕਲਪਨਾ

ਕਲਪਨਾ ਕਵਿਤਾ ਦਾ ਬੁਨਿਆਦੀ ਤੱਤ ਹੈ। ਸਾਹਿਤ ਵਿਚ ਕਲਪਨਾ ਦੀ ਹੋਂਦਨੂੰ ਅਹਿਮੀਅਤ ਦੇਂਦਿਆਂ ਯੂਰਪੀ ਸਾਹਿਤ ਨੂੰ 'Imaginative Literature' ਕਹਿਕੇ ਬਾਕੀ ਗਿਆਨ-ਸਾਹਿਤ ਤੋਂ ਵਖਰਾ ਕਰਦੇ ਹਨ।

"The voice which of the voice of my poetry without imagination connot be heard.

-wordsworth

**ਕਲਪਨਾ ਦੇ ਪੂਬਲ ਪਖੀ ਕਾਲਰਿਜ ਨੇ ਇਕ ਥਾਂ ਲਿਖਿਆ ਹੈ ਕਿ-**

"ਕਵਿਤਾ ਉਹ ਕਰਾਮਾਤੀ ਸ਼ਕਤੀ ਦੀ ਪੈਦਾਵਾਰ ਹੈ ਜਿਸਨੂੰ ਅਸੀਂ ਕਲਪਨਾ ਦਾ ਨਾਂ ਪ੍ਰਦਾਨ ਕੀਤਾ ਹੈ।"

# ਪ੍ਰਤੀਕ

ਪ੍ਰਤੀਕ ਅੰਗਰੇਜੀ ਸ਼ਬਦ Symbol ਦਾ ਪਰਿਆਇ ਹੈ । ਪਰ 'ਪ੍ਰਤੀਕ' ਖੁਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸੰਸਕ੍ਰਿਤ ਦੇ ਅਮਰਕੋਸ਼ ਵਿਚ ਪ੍ਰਤੀਕ ਦੇ ਇਹ ਅਰਥ ਮਿਲਦੇ ਹਨ: 'ਹਿੱਸਾ, ਅੰਗ,ਪਤਾ ਚਿੰਨ੍ਹ, ਨਿਸ਼ਾਨ' । ਪ੍ਰਤੀਕ ਦਾ ਹੁਣ ਸਿਰਫ 'ਚਿੰਨ੍ਹ' ਵਰਗਾ ਅਰਥ ਰੂੜ੍ਹ ਹੋ ਗਿਆ ਹੈ ।ਬਾਕੀ ਅਰਥ ਗੌਣ ਹੋ ਗਏ ਹਨ । ਕਾਵਿ ਦੇ ਸੰਦਰਭ ਵਿਚ 'ਪ੍ਰਤੀਕ' ਨੂੰ Symbol ਦੇ ਤੁਲ ਹੀ ਇਸਤੇਮਾਲ ਕੀਤਾ ਜਾਦਾ ਹੈ ।

"ਇਹ ਪ੍ਰਤੀਕ ਹੀ ਹਨ ਜਿਨ੍ਹਾਂ ਵਿਚ ਜਾਂ ਜਿਨ੍ਹਾਂ ਦੇ ਰਾਹੀਂ ਮਨੁੱਖ ਸਚੇਤ ਜਾਂ ਅਚੇਤ ਭਾਂਤ,ਜਿਉਂਦਾ ਹੈ ਅਤੇ ਆਪਣੀ ਹਸਤੀ ਨੂੰ ਕਾਇਮ ਰੱਖਦਾ ਹੈ ।ਇਤਿਹਾਸ ਦੇ ਉਹ ਯੁਗ ਸਭ ਤੋ ਚੰਗੇ ਗਿਣੇ ਜਾਂਦੇ ਹਨ ਜਿਹੜੇ ਪ੍ਰਤੀਕ ਦੀ ਸ੍ਰੇਸ਼ਟਤਾ ਸਵੀਕਾਰਦੇ ਹੋਏ ਇਸਦੀ ਉਚੇਰੀ ਕਦਰ ਕਰਦੇ ਹਨ।"

ਕਾਰਲਾਇਲ

" ਭੁਲੀ ਹੀਰ ਢੂੰਢੇਦੀ ਬੇਲੇ
ਰਾਂਝਣ ਯਾਰ ਬਗਲ ਵਿਚ

# ਬਿੰਬ

ਬਿੰਬ ਅਸਲ ਵਿਚ ਕਵੀ ਦਾ ਉਹ ਉਪਰਾਲਾ ਹੈ ਜਿਸ ਨਾਲ ਉਹ ਆਪਣੇ ਖਿਆਲ, ਵਸਤੂ ਜਾਂ ਹੋਰ ਵਰਣਨ ਕੀਤੇ ਜਾ ਰਹੇ ਰੂਪਾਂ ਨੂ ਕਲਾਤਮਕ ਢੰਗ ਨਾਲ ਨਿਖਾਰਦਾ, ਸੰਵਾਰਦਾ ਅਤੇ ਮਾਨਣ ਦੇ ਯੋਗ ਬਣਾਉਂਦਾ ਹੈ। ਬਿੰਬ ਅਸਲ ਵਿਚ ਕਵਿਤਾ ਦਾ ਸੁਹਜ ਵੀ ਹੈ ਅਤੇ ਵਸਤੂ ਨੂੰ ਸਮਝਣ ਲਈ ਸਹਾਈ ਸਾਧਨ ਵੀ ਹੈ।

ਰਾਬਟ ਸਕੇਲਟਨ - ਬਿੰਬ ਨੂੰ ਕਵਿਤਾ ਦਾ ਇਕ ਪ੍ਰਦਾਨ ਸਿਰਜਕ ਤੱਤ ਮਨਦਾ ਹੈ। ਉਸਦਾ ਖਿਆਲ ਹੈ ਕਿ ਹਰ ਕਵਿਤਾ ਵਿਚ ਬਿਵਾ ਦੀ ਇਕ ਯੋਜਨਾ ਹੁੰਦੀ ਹੈ ਅਤੇ ਹਰ ਬਿੰਬ ਇਕ ਯੋਜਨਾ ਹੈ।

# ਬਿੰਬ ਦੇ ਪ੍ਰਕਾਰ

ਆਲੋਚਕਾ ਨੇ ਵੱਖਰੇ ਵੱਖਰੇ ਪਹਿਲੂਆਂ ਨੂੰ ਮੱਦੇ ਨਜ਼ਰ ਰਖਕੇ ਬਿੰਬਾ ਦੀਆ ਕਿਸਮਾਂ ਨੂੰ ਉਲੀਕਣ ਦਾ ਯਤਨ ਕੀਤਾ ਹੈ। ਆਮ ਤੋਰ ਤੇ ਬਿੰਬ ਵੰਡਣ ਦੇ ਚਿੰਨ ਆਧਾਰ ਹਨ-

1. ਸਰੂਪ
2. ਮਾਧਿਅਮ
3. ਅਭਿਵਿਅਕਤੀ

ਰਾਬਟ ਸਕੇਲਟਨ ਨੇ ਸਰੂਪ ਨੂੰ ਈਧਾਰ ਮੰਨੇ ਆਪਣੀ ਲੰਮੀ ਚੌਣੀ ਵੰਡ ਪੇਸ਼ ਕੀਤੀ ਹੈ।

1. ਸਾਧਾਰਣ ਬਿੰਬਾ
2. ਅਮੂਰਤ ਬਿੰਬਾ
3. ਤਤਕਾਲਿਕ ਬਿੰਬਾ
4. ਅਸਪਸ਼ਟ ਬਿੰਬਾ
5. ਭਾਵਵਾਚਕ ਬਿੰਬਾ
6. ਜੁੜੰਤ ਬਿੰਬਾ
7. ਮਿਸ਼ਰਿਤ ਭਾਵਵਾਚਕ ਬਿੰਬਾ
8. ਜੁੜੰਤ ਭਾਵਵਾਚਕ ਬਿੰਬਾ
9. ਮਿਸ਼ਰਿਤ ਬਿੰਬ
10. ਭਾਵਵਾਚਕ ਮਿਸ਼ਰਿਤ ਤੇ ਭਾਵਵਾਚਕ ਜੁੜੰ

ਮਨੋਵਿਗਿਆਨੀ ਵੀ ਮਾਧਿਅਮ ਦੇ ਆਧਾਰ ਉਤੇ ਬਿੰਬਾ ਦੇ ਪ੍ਰਕਾਰ ਨਿਸ਼ਚਿਤ ਕਰਦੇ ਹਨ ਅਰਥਾਤ ਕਿਹੜੀ ਇੰਦਰੀ ਰਾਹੀਂ ਬੋਧ ਹੁੰਦਾ ਹੈ।

1. ਰੂਪ-ਬਿੰਬ
2. ਸ਼ਬਦ-ਬਿੰਬ
3. ਰਸ-ਬਿੰਬ
4. ਗੰਧ-ਬਿੰਬ
5. ਸਪਰਸ਼-ਬਿੰਬ

ਰਾਬਨ ਸਕੇਲਟਨ ਨੇ ਪੰਜ ਵਰਗ ਪੇਸ਼ ਕੀਤੇ ਹਨ-

1. ਪ੍ਰਤੀਕ-ਮੂਲਕ ਬਿੰਬ
2. ਅਨਿਓਕਤ-ਮੂਲਕ ਬਿੰਬ
3. ਚਿੰਨ੍ਹ-ਮੂਲਕ ਬਿੰਬ
4. ਰੂਪਕ-ਮੂਲਕ ਬਿੰਬ
5. ਉਪਮਾ-ਮੂਲਕ ਬਿੰਬ

# ਛੰਦ

ਕਵਿਤਾ ਵਿਚ ਮਾਤ੍ਰਾਂ ਜਾਂ ਵਰਣਾਂ ਨੂੰ ਖਾਸ ਵਿਉਂਤ ਨਾਲ ਜੋੜ ਕੇ ਵਜ਼ਨ, ਤੋਲ, ਸੁਰ, ਬਿਸਰਾਮ ਦਾ ਖਿਆਲ ਰਖਦੇ ਹੋਏ ਤੁਕਾਂਤ ਦੇ ਮੇਲ ਨਾਲ ਲੈ ਪੈਦਾ ਕਰਨੀ ਹੀ ਛੰਦ ਹੈ।

**ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ-**

1. ਵਰਣਕ ਛੰਦ
2. ਮਾਤਰਿਕ ਛੰਦ
3. ਗਣ ਛੰਦ

# ਵਰਨਿਕ ਛੰਦ

**ਜਿਹੜੇ ਛੰਦ ਅੱਖਰਾ ਦੀ ਗਿਣਤੀ ਦੇ ਹਿਸਾਬ ਨਾਲ ਬਣੇ ਹੁੰਦੇ ਹਨ। ਉਨ੍ਹਾਂ ਨੂੰ ਵਰਨਿਕ ਛੰਦ ਆਖਦੇ ਹਨ। ਕਬਿੱਤ,ਸਵਯਾ,ਕੋਰਣਾ ਵਰਨਿਕ ਛੰਦ ਹਨ।**

**ਇਥੇ ਕੇਵਲ ਵਰਨਿਕ ਛੰਦ ਤਿੰਨ ਹਨ।**

1. ਕਬਿੱਤ
2. ਸਵਯਾ
3. ਕੋਰੜਾ

# ਕਬਿੱਤ ਛੰਦ

ਇਹ ਇਕ ਵਰਣਿਕ ਛੰਦ ਹੈ ਜਿਸ ਦਿਆਂ ਚਾਰ ਤੁਕਾਂ ਹੁੰਦੀਆਂ ਹਨ ਹਰੇਕ ਤੁਕ ਵਿਚ 31 ਜਾਂ 32 ਅੱਖਰ ਹੂੰਦੇ ਹਨ। ਪਹਿਲੇ ਤਿੰਨ ਬਿਸਰਾਮ ਅੱਠਾਂ ਅੱਖਰਾਂ ਉਤੇ ਅਤੇ ਅਖਿਰਲਾ(ਚੌਥਾ) ਬਿਸਰਾਮ ਸੱਤਾ ਤਾਂ ਅੱਠਾਂ ਅੱਖਰਾ ਉਤੇ ਅਰਥਾਤ ਤੁਕ ਦੇ ਅਖੀਰ ਉਤੇ ਹੁੰਦਾ ਹੈ।

(ੳ). 4 ਤੁਕਾਂ,8-8-8-7,,31 ਅੱਖਰ

ਛਾਲੇ ਛਾਲੇ ਹੁੰਦਾ ਦਿਲ,
ਛਾਲੇ ਤੇਰੇ ਵੇਖ ਵੇਖ,
ਖਾਂਵਦਾ ਉਛਾਲੇ ਨਾਲੇ,
ਹੁੰਦੀਆਂ ਹੈਰਾਨੀਆਂ।

# ਵਰਣਿਕ ਸਵੱਯਾ ਛੰਦ

ਇਸ ਦੀਆ ਚਾਰ ਤੁਕਾਂ ਹੁੰਦੀਆਂ ਹਨ ਹਰੇਕ ਤੁਕ ਵਿਚ 23 ਜਾਂ 24 ਅੱਖਰ ਇਸ ਤਰ੍ਹਾਂ ਪਰੋਤੇ ਹੁੰਦੇ ਹਨ ਕਿ ਪਹਿਲਾ ਬਿਸਰਾਮ 12 ਅੱਖਰਾਂ ਉੱਤੇ ਅਤੇ ਦੂਜਾ 11 ਜਾਂ 12ਅੱਖਰਾ ਉਤੇ ਅਰਥਾਤ ਤੁਕ ਦੇ ਅਖੀਰ ਵਿਚ ਹੁੰਦਾ ਹੈ-

(1) 4 ਤੂਕਾਂ, 12-12 ਤੇ ਬਿਸਰਮ, 24 ਅੱਖਰ।

ਮੁਖ ਤੇ ਟੀਕਾ ਸਹਿਤ ਉਚਾਰਤ,  
ਰਾਮ ਰਿਦੇ ਨਹਿ ਪੂਰਨ ਸਹਿਤ।  
ਕਰ ਉਪਦੇਸ਼ ਸੁਨਾਵੈ ਲੋਗਨ,  
ਕਛੂ ਲੋਗਲ ਕਮਾਵੇ ਆਪਨ  
ਕਹਿਤ।

# ਕੋਰੜਾ ਛੰਦ

ਕੋਰੜਾ ਇਕ ਵਰਣਿਕ ਛੰਦ ਹੈ ਜਿਸ ਦੀਆਂ ਚਾਰ ਜਾਂ ਵਧੀਕ ਤੁਕਾ ਹੁੰਦੀਆਂ ਹਨ,ਹਰੇਕ ਤੁਕ ਵਿਚ 13 ਜਾਂ 14 ਅੱਖਰ ਇਸ ਤਰ੍ਹਾਂ ਬੀੜੇ ਹੁੰਦੇ ਹਨ ਕਿ ਪਹਿਲ੍ਹਾਂ ਬਿਸਰਾਮ ਛਿਆਂ ਜਾਂ ਸੱਤਾਂ ਤੇ ਦੂਜਾ ਅਗਲੇ ਸੱਤਾਂ ਉਤੇ ਲਗਦਾ ਹੈ।

(ੳ) 4 ਤੁਕਾਂ,6-7 ਬਰਾਬਰ 13 ਅੱਖਰ।

ਕਦੇ ਵੀ ਨਾ ਵੱਸ ,ਪੂਣਾ ਸ਼ਾਹੂਕਾਰ ਦੇ।
ਲੱਡੂ ਪੇੜੇ ਖਾਣੇ, ਮੂਲ ਨ ਹੁਦਾਰ ਦੇ।

# ਮਾਤਰਿਕ ਛੰਦ

**ਜਿਹੜੇ ਕੇਵਲ ਮਾਤਰਾ ਦੀ ਗਿਣਤੀ ਦੇ ਹਿਸਾਬ ਨਾਲ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਮਾਤਰਿਕ ਆਖਦੇ ਹਨ।**

1. ਦੋਹਿਰਾ
2. ਸੋਰਠਾ
3. ਚੌਪਈ
4. ਰੌਲਾ

# ਚੋਪਈ ਛੰਦ

ਚੋਪਈ ਇਕ ਅਜਿਹਾ ਮਾਤਰਿਕ ਛੰਦ ਹੈ ਜਿਸ ਦੀਆਂ ਚਾਰ ਤੁਕਾ ਹੁੰਦੀਆਂ ਹਨ,ਹਰੇਕ ਤੁਕ ਵਿਚ 14 ਜਾਂ 16 ਮਾਤਰਾਂ ਇਸ ਤਰ੍ਹਾਂ ਰੱਖਈਆ ਹੁੰਦੀਆਂ ਹਨ ਕਿ ਪਹਿਲਾਂ ਬਿਸਰਾਮ ਸੱਤਾਂ ਤੇ ਦੂਜਾ ਅਗਲੀਆਂ 7 ਜਾਂ 8 ਉਤੇ ਲਗਦਾ ਹੈ।

13 ਮਾਤਰਾਂ,8-8 ਤੇ ਬਿਸਰਾਮ

ਜਦ ਤੋ ਵੀਰਾ, ਦੂਰ ਗਿਆ ਏਂ।
ਦਿਲ ਮੇਰਾ ਕਰ, ਚੂਰ ਗਿਆ ਏਂ।
ਹੇ ਵੀਰਾ ਹੁਣ, ਮੁੱਖ ਵਿਖਾ ਜਾ।

# ਦੋਹਰਾ (ਦੋਹਿਰਾ)

ਦੋਹਿਰਾ ਇਕ ਮਗਤਰਿਕ ਛੰਦ ਹੈ ਜਿਸ ਦੀਆਂ ਦੋ ਤੁਕਾ ਹੁੰਦੀਆਂ ਹਨ,ਹਰੇਕ ਤੁਕ ਵਿਚ 24 ਮਾਤਰਾਂ ਇਸ ਤਰ੍ਹਾਂ ਜੋੜੀਆਂ ਹੁੰਦੀਆਂ ਹਨ ਕਿ ਪਹਿਲਾਂ ਬਿਸਰਾਮ 13 ਤੇ ਦੂਜਾ ਅਗਲੀਆਂ 11 ਉਪਰ ਲਗਦਾ ਹੈ। ਹਰੇਕ ਤੁਕ ਵਿਚ ਲਘੂ ਦਾ ਜੁਟ ਹੁੰਦਾ ਹੈ ਤੇ ਤੁਕ ਦਾ ਤੁਕਾਂਤ ਮਿਲਦਾ ਹੈ-

ਮਿਹਨਤ ਕਰ ਕੇ ਧਨ
ਕਮਾ, ਰੱਬ ਨਾ ਮਨੋ
ਵਿਸਾਰ।
ਸਭ ਦਾ ਤੂੰ ਭਲਾ ਕਰੀਂ,
ਬੇੜਾ ਹੋਸੀ ਪਾਰ।

# ਸੋਰਠਾ ਛੰਦ

ਸੋਰਠਾ ਇਕ ਮਾਤਰਿਕ ਛੰਦ ਹੈ ਜਿਸ ਦੀਆਂ ਦੋ ਤੁਕਾ ਹੁੰਦੀਆਂ ਹਨ,ਹਰੇਕ ਤੁਕ ਵਿਚ 24 ਮਾਤਰਾਂ ਇਸ ਤਰ੍ਹਾਂ ਜੜੀਆਂ ਹੁੰਦੀਆ ਹਨ ਕਿ ਪਹਿਲਾਂ ਬਿਸਰਾਮ 11 ਤੇ ਦੂਜਾ ਅਗਲੀਆਂ 13 ਉਤੇ ਲਗਦਾ ਹੈ, ਪਹਿਲੇ ਤੇ ਤੀਜੇ ਤੁਕਾਂਤ ਆਪੋ ਵਿਚ ਮਿਲਦੇ ਹੋਣ ਅਤੇ ਦੂਜੇ ਤੇ ਚੌਥੇ ਦੇ ਬੇਮੇਲ ਹੋਣ-

ਰੱਬ ਨ ਮਨੋ ਵਿਸਾਰ,
ਮਿਹਨਤ ਕਰਕੇ ਧਨ ਕਮਾ।
ਬੇੜਾ ਹੋਸੀ ਪਾਰ,
ਸਭ ਦਾ ਤੂੰ ਭਲਾ ਕਰੀਂ।

# ਰੋਲਾ ਛੰਦ

ਰੋਲਾ ਇਕ ਮਾਤਰਿਕ ਛੰਦ ਹੈ ਜਿਸ ਦੀਆਂ ਚਾਰ ਤੁਕਾਂ ਹੁੰਦੀਆਂ ਹਨ,ਹਰੇਕ ਤੁਕ ਵਿਚ 24 ਮਾਤਰਾਂ ਇਸ ਤਰ੍ਹਾਂ ਜੜੀਆਂ ਹੁੰਦੀਆ ਹਨ ਕਿ ਪਹਿਲਾਂ ਬਿਸਰਾਮ 11 ਤੇ ਦੂਜਾ ਅਗਲੀਆਂ 13 ਉਤੇ ਲਗਦਾ ਹੈ, ਬਿਸਰਾਮ ਦੇ ਅਖੀਰ ਵਿਚ ਦੋ ਗੁਰੂ ਹੁੰਦੇ ਰਨ। ਤੁਕਾਂਤ ਚੌਂਹ ਤੁਕਾਂ ਦਾ ਹੁੰਦਾ ਹੈ, ਪਹਿਲੀ ਦਾ ਦੂਜੀ ਨਾਲ ਤੇ ਤੀਜੀ ਦਾ ਚੌਥੀ ਨਾਲ-

ਬੁਰੇ ਸਾਡੇ ਹਾਲ,
ਨਹੀਂ ਹੁਣ ਜੀਵਨ
ਭਾਂਦਾ।
ਭਾਂਬੜ ਗ਼ਮ ਦਾ ਉਠੱ,
ਸਦਾ ਹੈ ਲਹੂ ਸੁਕਾਂਦਾ।

# ਗਣ ਛੰਦ

ਜਿਹੜੇ ਛੰਦ ਕੇਵਲ ਗਣਾਂ ਦੀ ਗਿਣਤੀ ਅਨੁਸਾਰ ਬਣਾਏ ਜਾਂਦੇ ਹਨ,ਉਨ੍ਹਾਂ ਨੂੰ ਗਣ ਆਖਦੇ ਹਨ।

1. ਭੁਜੰਗ
2. ਪ੍ਰਯਾਤ
3. ਤੋਟਕ

ਇਨ੍ਹਾਂ ਦੀ ਰਚਨਾ ਵੱਲ ਪੰਜਾਬੀ ਕਵਿਆਂ ਨੇ ਬਹੁਤ ਘੱਟ ਧਿਆਨ ਦਿਤਾ ਹੈ।

# ਹੋਰ ਛੰਦ

5. ਕੁੰਡਲੀਆਂ ਛੰਦ
6. ਸਿਰਖੰਡੀ ਛੰਦ
7. ਬੈਂਤ ਛੰਦ
8. ਰੁਬਾਈ ਛੰਦ
9. ਚਿਤਰਕਲਾ ਜਾਂ ਘਨ ਕਲਾ ਜਾਂ ਸੋਲਹਾ
10. ਅੜਿੱਲ ਛੰਦ
11. ਡੀਓਢ ਛੰਦ
12. ਛਪੈ ਛੰਦ
13. ਝੂਲਣਾ ਛੰਦ
14. ਦਵੱਯਾ
15. ਗੀਆ ਮਾਲਿਤੀ
16. ਰੱਤਾ
17. ਰਸਾਵਲ
18. ਤਾਟਕ
19. ਮਾਤਰਿਕ ਸਵੱਯਾ

# ਅੰਲਕਾਰ

ਅੰਲਕਾਰ ਦਾ ਅਰਥ ਹੈ 'ਗਹਿਣਾ' ਜਿਸ ਤਰਾਂ ਸੁੰਦਰ ਢੁਕਵੇਂ ਗਹਿਣਿਆਂ ਨਾਲ ਇਸਤਰੀ ਦੀ ਸੁਦਰਤਾ ਹੋਰ ਵੀ ਵਧੇਰੇ ਅਸਰ ਕਰਦੀ ਹੋ ਜਾਂਦੀ ਹੈ ਅਤੇ ਵੇਖਣ ਵਾਲੇ ਉਤੇ ਵਧੇਰੇ ਅਸਰ ਕਰਦੀ ਹੈ, ਵਧੇਰੇ ਮੋਹਿਤ ਕਰਦੀ ਹੈ,ਇਵੇ ਹੀ ਜਿਹੜਾ ਢੰਗ,ਸਾਧਨ ਜਾਂ ਖੂਬੀ ਕਵਿਤਾ ਜਾਂ ਵਾਰਤਿਕ ਨੂੰ ਵਧੇਰੇ ਸੁੰਦਰ ਤੇ ਅਸਰਦਾਰ ਬਣਾ ਦੇਵੇ ਉਸ ਨੂੰ ਅਲੰਕਾਰ ਆਖਦੇ ਹਨ।

ਅੰਲਕਾਰ ਬੇਅੰਤ ਹਨ, ਪਰ ਮੁਖ ਦੋ ਹਨ-

1. ਸ਼ਬਦ ਅਲੰਕਾਰ
2. ਅਰਥ ਅਲੰਕਾਰ

# ਸਬਦ ਅੰਲਕਾਰ

## ਸ਼ਬਦਾ ਦੀ ਸੁਦਰਤਾ ਨੂੰ ਵਧਾਉਣ ਵਾਲੇ ਅਲੰਕਾਰ ਸ਼ਬਦ ਅਲੰਕਾਰ ਅਖਵਾਅੰਦੇ ਹਨ।

## ਸ਼ਬਦ ਅਲੰਕਾਰ ਦੀਆ ਕਿਸਮਾਂ

1. ਅਨੁਪ੍ਰਾਸ ਅਲੰਕਾਰ
2. ਯਮਕ ਅੰਲਕਾਰ
3. ਸਲੇਸ਼ ਅੰਲਕਾਰ
4. ਵੀਪਸਾ ਅੰਲਕਾਰ

# 1.ਅਨੁਪ੍ਰਾਸ ਅਲੰਕਾਰ

ਜਦੋ ਕਿਸੇ ਵਾਕ ਵਿਚ ਅੱਖਰਾਦੀ ਸਮਾਨਤਾ ਅਤੇ ਪਦਾ ਦੇ ਵਜ਼ਨ ਦੀ ਤੁਲਨਾ ਤਾਂ ਉਥੇ ਅਨੁਪ੍ਰਾਸ ਅਲੰਕਾਰ ਵਰਤਿਆ ਜਾਂਦਾ ਹੈ।

ਅਨੁਪ੍ਰਾਸ ਦੇ ਪੰਜ ਭੇਦ ਹਨ।

1. ਛੇਕ ਅਨੁਪ੍ਰਾਸ
2. ਵ੍ਰਿਤੀ ਅਨੁਪ੍ਰਾਸ
3. ਸ੍ਰੁਤੀ ਅਨੁਪ੍ਰਾਸ
4. ਲਾਟ ਅਨੁਪ੍ਰਾਸ
5. ਅੰਤ ਅਨੁਪ੍ਰਾਸ

# ਯਮਕ ਅੰਲਕਾਰ

**ਜਦੋ ਕਿਸੇ ਵਾਕ ਜਾਂ ਤੁਕ ਵਿਚ ਇਕੋ ਸ਼ਬਦ ਬਹੁਤ ਵਾਰ ਪਰ ਵੱਖ ਵੱਖ ਅਰਥਾ ਵਿਚ ਆਵੇ ਤਾਂ ਉਥੇ ਯਮਕ ਅੰਲਕਾਰ ਵਰਤਿਆ ਜਾਂਦਾ ਹੈ।**

ਡੋਲ ਖੱਟੀਆਂ ਕਰੇਂ ਗੱਲਾਂ,
ਧੀਆ ਦੱਸ ਕੀ ਖੱਟੀਆਂ ਖੱਟੀਆਂ
ਨੀ?
ਪੜ੍ਹ ਪੱਟੀਆਂ ਪੱਟੀਆਂ ਤੁੱਧ ਵਾਂਗੂ
ਬੰਨ੍ਹ ਪੱਟੀਆਂ ਪੱਟੀਆਂ ਨੀ।

# ਅਰਥ ਅਲੰਕਾਰ

ਜਦੋਂ ਲਿਖਤ ਦੇ ਸ਼ਬਦ ਅਜਿਹੇ ਢੰਗ ਨਾਲ ਚੁਣੇ ਵਰਤੇ ਜਾਣ ਕਿ ਲਿਖਤ ਦੇ ਅਰਥਾਂ ਵਿਚ ਖਾਸ ਖੂਬੀ ਪੈਦਾ ਹੋ ਜਾਵੇ, ਅਰਥ ਵਧੇਰੇ ਰਸਦਾਈਕ ਤੇ ਅਸਰਦਾਰ ਹੋ ਜਾਣ, ਤਾਂ ਉਥੇ ਅਰਥ ਅਲੰਕਾਰ ਵਰਤਿਆ ਜਾਂਦਾ ਹੈ।

ਤੇਰਾ ਮੁਖ ਕੰਵਲ ਮੇਰੇ ਨੈਣ ਭੋਰੇ।

1. ਉਪਮਾ ਅਲੰਕਾਰ
2. ਰੂਪਕ ਅਲੰਕਾਰ
3. ਦ੍ਰਿਸ਼ਟਾਂਤ ਅਲੰਕਾਰ
4. ਅਤਿਕਥਨੀ ਅਲੰਕਾਰ

# ਉਪਮਾ ਅਲੰਕਾਰ

ਜਿਥੇ ਦੋਂਹ ਸ਼ੈਆਂ ਦੇ ਭਿੰਨ ਹੋਣ ਤੇ ਵੀ ਕਿਸੇਖਾਸ ਗੁਣ ਦੀ ਸਾਂਝ ਕਰਕੇ ਉਨ੍ਹਾਂ ਵਿਚੋਂ ਇਕ ਨੂੰ ਦੂਜੀ ਵਰਗੀ ਦਸਿਆ ਜਾਵੇ, ਤਾਂ ਉਥੇ ਉਪਮਾ ਅਲੰਕਾਰ ਹੁੰਦਾ ਹੈ।

ਇਸ ਦੇ ਨੈਣ ਭਖਦੇ ਦੀਵੇ ਦੀ ਲਾਟ ਵਾਂਕਰ।
ਮੁਖੜਾ ਉਸਦਾ ਚਮਕਦਾ ਚੰਦ ਵਾਂਙੂ।

**ਉਪਮਾ ਅਲੰਕਾਰ ਦੇ ਚਾਰ ਅੰਗ ਰਨ।**

1. ਉਪਮੇਯ
2. ਉਪਮਾਨ
3. ਸਾਂਝਾ ਗੁਣ
4. ਵਾਚਕ ਸ਼ਬਦ

# ਰੂਪਕ ਅਲੰਕਾਰ

**ਜਿਥੇ ਉਪਮਾਨ ਤੇ ਉਪਮੇਯ ਨੂੰ ਇਕ ਰੂਪ ਕਰਕੇ ਦੱਸਇਆ ਜਾਵੇ ਉਥੇ ਰੂਪਕ ਅਲੰਕਾਰ ਹੁੰਦਾ ਹੈ।**

**ਕੁਦਰਤ ਦੇ ਹੱਥਾ ਦੀ
ਚਿਣੀ ਦੀਵਾਰ
ਹਿਮਾਲਾ।
ਸੁਹਜ ਦਾ ਬਾਜਾਰ,
ਖੁਦਾਈ ਰਹਿਮਤ ਦਾ
ਭੰਡਾਰ ਹਿਮਾਲਾ।**

# ਹੋਰ ਅੰਲਕਾਰ

1. ਅਸੰਭਵ ਅਲੰਕਾਰ
2. ਵਿਰੋਧਅਲੰਕਾਰ
3. ਵਿਆਜ ਨਿੰਦਾ ਅਲੰਕਾਰ
4. ਵਚਿਤਰ ਅਲੰਕਾਰ
5. ਉੱਲਾਸ ਅਲੰਕਾਰ
6. ਅਵੱਗਿਆ ਅਲੰਕਾਰ
7. ਅਨੁਗਿਆ ਅਲੰਕਾਰ
8. ਕਾਵਿਲਿੰਗ ਅਲੰਕਾਰ
9. ਕਾਵਿ ਅਰਥਾਪਤੀ ਅਲੰਕਾਰ
10. ਰਤਨਾਵਲੀ ਅਲੰਕਾਰ
11. ਪਰੋਢੋਕਤੀ ਅਲੰਕਾਰ
12. ਪਰਿਣਾਮ ਅਲੰਕਾਰ
13. ਲਲਿਤ ਅਲੰਕਾਰ
14. ਲਕੋਕਤੀ ਅਲੰਕਾਰ
15. ਛੇਕੋਕਤੀ ਅਲੰਕਾਰ
16. ਗੂਢੋਤਰ ਅਲੰਕਾਰ
17. ਲੇਸ਼ ਅਲੰਕਾਰ

# ਰਸ

## ਰਸ ਦੇ ਪ੍ਰਕਾਰ

1. ਸ਼ਿੰਗਾਰ ਰਸ
2. ਬੀਰ ਰਸ
3. ਰੋਦਰ ਰਸ
4. ਭਿਆਨਕ ਰਸ
5. ਅਦਭੁਤ ਰਸ
6. ਕਰੁਣਾ ਰਸ
7. ਹਾਸ ਰਸ
8. ਵੀਭਤਸ ਰਸ
9. ਸ਼ਾਤ ਰਸ

## ਸਥਾਈ ਭਾਵ

1. ਪ੍ਰੇਮ (ਪਤੀ-ਪਤਨੀ)
2. ਉਤਸ਼ਾਹ
3. ਕ੍ਰੋਧ
4. ਭੈਅ
5. ਅਸਚਰਜਤਾ
6. ਸ਼ੋਕ
7. ਰਸ ਵਿਨੋਦ
8. ਘ੍ਰਿਣਾ
9. ਅਨੰਦ

## ਅਨੁਭਾਵ

1. ਚੁੰਬਣ,ਗਲਵੱਕੜੀ,ਕੰਬਣੀ।
2. ਸਰੀਰ ਦਾ ਜੋਸ਼, ਡੋਲੇ ਫਰਕਣੇ ਆਦਿ।
3. ਕਾਬਾ ਛਿੜਣਾ,ਰੋਣਾ-ਕੁਰਲਾਉਣਾ,ਬੇਹੋਸ਼ ਹੋ ਜਾਣਾ।
4. ਅੱਖਾ ਲਾਲ ਕਰਨੀਆ,ਦੰਦ ਪਹੀਣੇ।
5. ਅੱਖਾ ਕੱਢ ਕੇ ਦੇਖਣਾ,ਪਸੀਨਾ ਛੁੱਟ ਜਾਣਾ
6. ਰੋਣਾ, ਹਮਦਰਦੀ।
7. ਬੁੱਲਾ ਦਾ ਖੁਲ ਜਾਣਾ, ਵਿਅੰਗ, ਮਜਾਕ।
8. ਨੱਕ ਚਾੜਨਾ,ਅੱਖਾ ਮੀਟ ਕੇ ਮੂਹ ਪਾਸੇ ਕਰਨਾ।

# ਕਾਵਿ ਭਾਸ਼ਾ

'ਨਿੱਤ- ਸੱਜਰੀ ਤੇ ਚਮਤਕਾਰੀ ਭਾਸ਼ਾ ਕਾਵਿ ਭਾਸ਼ਾ ਦਾ ਨਾਂ ਹੀ ਕਾਵਿ ਭਾਸ਼ਾ ਹੈ।'

ਅਸਲ ਵਿਚ ਭਾਵਨਾ ਜਦ ਜਾਗਦੀ ਹੈ ਤਾਂ ਉਹ ਕਵੀ ਦੇ ਦਿਲ ਨੂੰ ਪ੍ਰਗਟਾਉਣ ਲਈ ਵਿਆਕੁਲ ਕਰ ਦਿੰਦੀ ਹੈ ਅਤੇ ਪ੍ਰਗਟਾਉਣ ਦੇ ਉਪਰੰਤ ਉਸਦਾ ਮਨ ਸ਼ੀਸ਼ੇ ਵਾਂਗ ਨਿਰਮਲ ਹੋ ਜਾਦਾ ਹੈ । ਸਾਰੀਆਂ ਚੰਗੀਆਂ ਮੰਦੀਆਂ ਭਾਵਨਾਵਾਂ ਪ੍ਰਗਟਾਉ ਦੇ ਵਸੀਲੇ ਨਾਲ ਦਿਲ ਤੋਂ ਬਾਹਰ ਨਿਕਲ ਕੇ ਕਾਲੀਆਂ ਲਕੀਰਾਂ ਦੀ ਸ਼ਕਲ ਵਿਚ ਕਾਗਜ਼ ਉਤੇ ਆ ਰੂਪਮਾਨ ਹੁੰਦੀਆਂ ਹਨ।।